Exam. Code : 103203
Subject Code : 1083

**B.A./B.Sc. 3rd Semester**

**PUNJABI (Compulsory)**

Time Allowed—3 Hours] [Maximum Marks—50

**ਨੋਟ :—** ਕੁੱਲ **ਪੰਜ** ਪ੍ਰਸ਼ਨਾਂ ਦੇ ਉੱਤਰ ਦਿਓ। ਹਰ ਭਾਗ ਵਿੱਚੋਂ **ਇੱਕ-ਇੱਕ** ਪ੍ਰਸ਼ਨ ਕਰਨਾ ਲਾਜ਼ਮੀ ਹੈ। **ਪੰਜਵਾਂ** ਪ੍ਰਸ਼ਨ ਕਿਸੇ ਵੀ ਭਾਗ ਵਿੱਚੋਂ ਕਰ ਸਕਦੇ ਹੋ। ਹਰ ਪ੍ਰਸ਼ਨ ਦੇ ਅੰਕ ਬਰਾਬਰ ਹਨ। **(10×5=50)**

**ਭਾਗ—ਪਹਿਲਾ**

1. "ਘਰ ਦਾ ਪਿਆਰ" ਨਿਬੰਧ ਦਾ ਵਿਸ਼ਾ-ਵਸਤੂ ਸਪੱਸ਼ਟ ਕਰੋ।
2. "ਅੱਥਰੂ" ਨਿਬੰਧ ਦਾ ਕਲਾ ਪੱਖ ਵਿਚਾਰੋ।

**ਭਾਗ—ਦੂਜਾ**

3. "ਨਵਾਂ ਚਾਨਣ". ਇਕਾਂਗੀ ਨੂੰ ਰੰਗਮੰਚ ਦੇ ਪੱਖ ਤੋਂ ਵਿਚਾਰੋ।
4. "ਚਾਬੀਆਂ" ਇਕਾਂਗੀ ਦੇ ਮੁੱਖ ਦੋ ਪਾਤਰਾਂ ਦਾ ਚਿਤਰਨ ਕਰੋ।

**ਭਾਗ—ਤੀਜਾ**

5. ਹੇਠ ਲਿਖੇ ਪੈਰ੍ਹੇ ਦੀ ਸੰਖੇਪ ਰਚਨਾ ਕਰੋ ਅਤੇ ਢੁੱਕਵਾਂ ਸਿਰਲੇਖ ਵੀ ਦਿਓ :

ਬਹੁਤ ਸਾਰੇ ਵਹਿਮ ਸ਼ਗਨਾਂ-ਅਪਸ਼ਗਨਾਂ ਦੇ ਹਨ, ਜਿੰਨ੍ਹਾਂ ਦਾ ਸੰਬੰਧ ਸਫ਼ਰ ਨਾਲ ਖ਼ਾਸ ਹੈ। ਪੁਰਾਣੇ ਵਕਤਾਂ ਵਿੱਚ ਰੇਲਾਂ ਨਹੀਂ ਸਨ। ਨਾ ਕੋਈ ਸਾਫ਼ ਪੱਧਰੀਆਂ ਸੜਕਾਂ ਸਨ। ਇਸ ਲਈ ਸਫ਼ਰ ਬੜਾ ਖ਼ਤਰਨਾਕ ਹੁੰਦਾ ਸੀ। ਚੱਲਣ ਲੱਗਿਆਂ ਹਜ਼ਾਰਾਂ ਤਰ੍ਹਾਂ ਦੀਆਂ



Scanned with CamScanner

ਚੌਕਸੀਆਂ ਕਰਨੀਆਂ ਪੈਂਦੀਆਂ ਸਨ। ਖੱਬੇ ਸੱਜੇ ਤੱਕ ਕੇ ਤੁਰਨਾ ਪੈਂਦਾ ਸੀ। ਜੇ ਗਧਾ ਖੱਬੇ ਪਾਸੇ ਹੀਂਗੇ ਜਾਂ ਭਾਰ ਨਾਲ ਲੱਦਿਆ ਮਿਲੇ ਤਾਂ ਚੰਗਾ। ਜੇ ਤਿੱਤਰ ਖੱਬੇ ਪਾਸੇ ਬੋਲੇ ਤਾਂ ਮਾੜਾ। ਜੇ ਹਿਰਨਾਂ ਦੀ ਡਾਰ ਖੱਬੇ ਪਾਸੇ ਜਾਂਦੀ ਮਿਲੇ ਤਾਂ ਮਾੜੀ। ਗਿੱਦੜ ਸੱਜਿਓਂ ਦਿਸੇ ਤਾਂ ਚੰਗਾ, ਦੋ ਮਿਲਣ ਤਾਂ ਹੋਰ ਵੀ ਚੰਗਾ। ਜੇ ਘੋੜਾ ਨੱਚਦਾ-ਟੱਪਦਾ ਮਿਲੇ ਤਾਂ ਬਹੁਤ ਚੰਗਾ ਮੰਨਦੇ ਹਨ। ਇਸ ਤਰ੍ਹਾਂ ਕਈ ਹੋਰ ਵਹਿਮ ਵੀ ਸ਼ਿਕਾਰੀ ਲੋਕਾਂ ਦੇ ਹਨ।

6. ਹੇਠ ਲਿਖੇ ਪੈਰ੍ਹੇ ਦੀ ਸ਼ਬਦ-ਜੋੜਾਂ ਪੱਖੋਂ ਸੁਧਾਈ ਕਰੋ :

ਗੁਰੂ ਸ਼ਿਸ਼ ਉੱਤੇ ਕਿਰਪਾ ਕਰਕੇ ਉਸਨੂੰ ਠੀਕ ਰਾਹਾਂ ਉੱਤੇ ਪੌਂਦਾ ਹੈ। ਪਰ ਸ਼ਿਸ਼ ਨੇ ਸਫ਼ਰ ਖ਼ੁਦ ਤੈ ਕਰਨਾ ਹੁੰਦਾ ਹੈ। ਗੁਰੂ ਸ਼ਿਸ਼ ਨੂੰ ਭਗਤੀ ਦੇ ਗਲਤ ਸਾਦਨਾ ਬਿਚੋ ਕੱਢਕੇ ਸਚੀ ਭਗਤੀ ਵਿੱਚ ਲੌਂਦਾ ਹੈ। ਗੁਰੂ ਦੀ ਸਹੈਤਾ, ਓਸਦੀ ਮੇਹਰ ਹੈ। ਪਰ ਸ਼ਿਸ਼ ਨੂੰ ਉੱਦਮ ਤੇ ਮੇਹਨਤ ਨਾਲ ਗੁਰੂ ਦੇ ਦੱਸੇ ਸਾਦਨ ਦੀ ਕਮਾਈ ਦੁਆਰਾ ਸਫਲਤਾ ਪਰਾਪਤ ਕਰਨੀ ਪੌਂਦੀ ਹੈ।

## ਭਾਗ—ਚੌਥਾ

7. ਵਿਆਕਰਨਕ ਇਕਾਈਆਂ ਨੂੰ ਪਰਿਭਾਸ਼ਤ ਕਰਦਿਆਂ ਭਾਵੰਸ਼ ਇਕਾਈ ਦੀਆਂ ਕਿਸਮਾਂ ਦੱਸੋ।

8. ਵਾਕ ਅਤੇ ਉਪਵਾਕ ਇਕਾਈਆਂ ਨੂੰ ਉਦਾਹਰਨਾਂ ਨਾਲ ਸਪੱਸ਼ਟ ਕਰੋ।



Scanned with CamScanner